# मेहरांवालिए माईये रखीं

ਮੇਹਰਾਂ ਵਾਲੀਏ, ਮਾਈਏ ਰੱਖੀਂ ਚਰਨਾਂ ਦੇ ਕੋਲ ॥
*ਰੱਖੀਂ ਚਰਨਾਂ ਦੇ ਕੋਲ ਰੱਖੀਂ, ਚਰਨਾਂ ਦੇ ਕੋਲ x॥
ਮੇਹਰਾਂ ਵਾਲੀਏ, ਮਾਈਏ ਰੱਖੀਂ ਚਰਨਾਂ ਦੇ ਕੋਲ ॥

ਮੇਰੇ ਗਲ਼ ਵਿੱਚ ਪਾ ਦੇ ਦਾਤੀਏ, ਭਗਤੀ ਵਾਲਾ ਬਾਣਾ।
ਸੌ ਸੌ ਤਰਲੇ ਪਾਵਾਂ ਮਾਂਏਂ, ਮੰਨ ਲੈ ਮੇਰਾ ਕਹਿਣਾ ॥
*ਮੰਨ ਲੈ ਮੇਰਾ ਕਹਿਣਾ ਰੱਖੀਂ, ਚਰਨਾਂ ਦੇ ਕੋਲ,,,
ਮੇਹਰਾਂ ਵਾਲੀਏ, ਮਾਈਏ ਰੱਖੀਂ ,,,,,,,,,,,,,,,,,,,,

ਜੋਤ ਬੁਝਾ ਕੇ ਆਸਾਂ ਦੀ, ਜੀਵਨ ਬੇ-ਮੁਲ ਕਰੀਂ ਨਾ।
ਮੈਨੂੰ ਆਪਣੀ ਨਜ਼ਰਾਂ ਤੋਂ, ਇੱਕ ਪਲ ਵੀ ਦੂਰ ਕਰੀਂ ਨਾ ॥
*ਇੱਕ ਪਲ ਵੀ ਦੂਰ ਕਰੀਂ ਨਾ ਰੱਖੀਂ, ਚਰਨਾਂ ਦੇ ਕੋਲ,,,
ਮੇਹਰਾਂ ਵਾਲੀਏ, ਮਾਈਏ ਰੱਖੀਂ ,,,,,,,,,,,,,,,,,,,,

ਭੁੱਲ ਵਿੱਚ ਮੈਥੋਂ ਭੁੱਲ ਜੇ ਕੋਈ, ਹੋਵੇ ਤੇ ਭੁੱਲ ਜਾਵੀਂ।
ਵੇਖ ਕੇ ਹਾਲ ਮੇਰਾ ਮੇਰੇ, ਐਬਾਂ ਵੱਲ ਨਜ਼ਰ ਨਾ ਪਾਵੀਂ ॥
*ਐਬਾਂ ਵੱਲ ਨਜ਼ਰ ਨਾ ਪਾਵੀਂ ਰੱਖੀਂ, ਚਰਨਾਂ ਦੇ ਕੋਲ,,,
ਮੇਹਰਾਂ ਵਾਲੀਏ, ਮਾਈਏ ਰੱਖੀਂ ,,,,,,,,,,,,,,,,,,,,

ਤੇਰੀ ਜੈ ਜੈਕਾਰ ਕਰਾਂ ਮੈਂ, ਤੇਰੀ ਜੋਤ ਜਗਾਵਾਂ।
ਪੈਣ ਨਾ ਦੇਵੀਂ ਮੇਰੇ ਉੱਤੇ, ਪਾਪਾਂ ਦਾ ਪਰਛਾਂਵਾਂ ॥
*ਪਾਪਾਂ ਦਾ ਪਰਛਾਂਵਾਂ ਰੱਖੀ, ਚਰਨਾਂ ਦੇ ਕੋਲ,,,
ਮੇਹਰਾਂ ਵਾਲੀਏ, ਮਾਈਏ ਰੱਖੀ,,,,,,,,,,,,,,,,,,,,

ਮਾਂਵਾਂ ਬਾਝੋਂ ਬੱਚਿਆਂ ਨੂੰ, ਕੋਈ ਨਾ ਲਾਡ ਲੜਾਵੇ।
ਕੋਈ ਨਾ ਕੋਲ ਬਿਠਾਵੇ ਉਸਨੂੰ, ਜਿਸ ਤੋਂ ਮਾਂ ਰੁੱਸ ਜਾਵੇ ॥
*ਜਿਸ ਤੋਂ ਮਾਂ ਰੁੱਸ ਜਾਵੇ ਰੱਖੀਂ, ਚਰਨਾਂ ਦੇ ਕੋਲ,,,
ਮੇਹਰਾਂ ਵਾਲੀਏ, ਮਾਈਏ ਰੱਖੀਂ ,,,,,,,,,,,,,,,,,,,,

ਅਪਲੋਡਰ- ਅਨਿਲਰਾਮੂਰਤੀਭੋਪਾਲ

स्वर : अनुराधा पौडवाल

https://alltvads.com/bhajan/lyrics/id/24442/title/mehranwaliye-mayie-rakhi

अपने Android मोबाइल पर BhajanGanga App डाउनलोड करें और भजनों का आनंद ले |